WORKSAFE BC | ਨਿਊਜ਼ ਰਿਲੀਜ਼

# ਆਪਣੀਆਂ ਕੋਵਿਡ-19 ਸੇਫਟੀ ਪਲੈਨਾਂ ਅਪਡੇਟ ਕਰਨ ਅਤੇ ਮੁੜ ਕੇ ਲਾਗੂ ਕਰਨ ਵਿਚ ਵਰਕਸੇਫ ਬੀ ਸੀ ਕੰਮ-ਮਾਲਕਾਂ ਦੀ ਮਦਦ ਕਰ ਰਹੀ ਹੈ

**ਰਿਚਮੰਡ, ਬੀ.ਸੀ. (10 ਜਨਵਰੀ, 2022)** – ਵਰਕਸੇਫ ਬੀ ਸੀ ਨੇ ਅੱਜ ਐਲਾਨ ਕੀਤਾ ਹੈ ਕਿ ਉਹ ਬੀ.ਸੀ. ਦੇ ਕੰਮ-ਮਾਲਕਾਂ ਦੀ ਆਪਣੀਆਂ ਕੋਵਿਡ-19 ਸੇਫਟੀ ਪਲੈਨਾਂ ਮੁੜ ਕੇ ਲਾਗੂ ਕਰਨ ਵਿਚ ਮਦਦ ਕਰੇਗੀ। ਇਹ ਯਤਨ ਸੂਬਾਈ ਸਿਹਤ ਅਫਸਰ ਦੇ ਇਸ ਆਰਡਰ ਤੋਂ ਬਾਅਦ ਕੀਤੇ ਜਾ ਰਹੇ ਹਨ ਕਿ ਬੀ.ਸੀ. ਵਿਚ ਕੰਮ ਚਲਾ ਸਾਰੇ ਸਾਰੇ ਕੰਮ-ਮਾਲਕਾਂ ਨੂੰ ਕੋਵਿਡ-19 ਸੇਫਟੀ ਪਲੈਨਾਂ ਲਾਗੂ ਕਰਨ ਦੀ ਲੋੜ ਹੋਵੇਗੀ।

ਕੋਵਿਡ-19 ਸੇਫਟੀ ਪਲੈਨ ਵਿਚ ਕੰਮ ਵਾਲੀ ਥਾਂ ਵਿਚ ਕੋਵਿਡ-19 ਦੇ ਫੈਲਣ ਦੇ ਖਤਰੇ ਦਾ ਪਤਾ ਲਾਉਣ ਅਤੇ ਇਨ੍ਹਾਂ ਖਤਰਿਆਂ ਨੂੰ ਘਟਾਉਣ ਲਈ ਉਪਾ ਕਰਨ ਲਈ ਕਈ ਕਦਮ ਚੁੱਕਣਾ ਸ਼ਾਮਲ ਹੈ।

ਵਰਕੇਸਫ ਬੀ ਸੀ ਵਿਖੇ ਪ੍ਰੀਵੈਨਸ਼ਨ ਸਰਵਿਸਿਜ਼ ਦੇ ਮੁਖੀ ਅਲ ਜੌਹਨਸਨ ਦਾ ਕਹਿਣਾ ਹੈ, "ਚੰਗੇ ਭਾਗਾਂ ਨੂੰ, ਬੀ.ਸੀ. ਦੇ ਕੰਮ-ਮਾਲਕਾਂ ਨੂੰ ਕੋਵਿਡ-19 ਸੇਫਟੀ ਪਲੈਨਾਂ ਦਾ ਤਜਰਬਾ ਹੈ ਅਤੇ ਉਨ੍ਹਾਂ ਨੂੰ ਹੁਣ ਆਪਣੀ ਪਲੈਨ `ਤੇ ਵਿਚਾਰ ਕਰਕੇ ਅਤੇ ਇਸ ਨੂੰ ਅਪਡੇਟ ਕਰਕੇ ਮੌਜੂਦਾ ਮਾਹੌਲ ਲਈ ਦੁਬਾਰਾ ਲਾਗੂ ਕਰਨ ਦੀ ਲੋੜ ਹੈ।"

ਕੰਮ-ਮਾਲਕਾਂ ਅਤੇ ਵਰਕਰਾਂ ਦੀ ਮਦਦ ਕਰਨ ਲਈ, ਵਰਕਸੇਫ ਬੀ ਸੀ ਕੋਵਿਡ-19 ਸੇਫਟੀ ਪਲੈਨ ਨਾਲ ਸੰਬੰਧਿਤ ਵਸੀਲੇ ਔਨਲਾਈਨ ਪੋਸਟ ਕਰ ਰਹੀ ਹੈ, ਜਿਸ ਵਿਚ ਸੈਕਟਰ ਨਾਲ ਸੰਬੰਧਿਤ ਖਾਸ ਨਿਯਮ, ਕਰਨ ਵਾਲੇ ਕੰਮਾਂ ਦੀਆਂ ਲਿਸਟਾਂ, ਪਲੈਨਿੰਗ ਲਈ ਟੈਮਪਲੇਟਾਂ, ਸਿੱਖਿਆ ਅਤੇ ਟਰੇਨਿੰਗ ਲਈ ਸਾਮੱਗਰੀ, ਸਾਈਨ, ਅਤੇ ਹੋਰ ਟੂਲਜ਼ ਸ਼ਾਮਲ ਹਨ। ਇਹ ਵਸੀਲੇ ਇਸ ਵੈੱਬਸਾਈਟ `ਤੇ ਉਪਲਬਧ ਹਨ: worksafebc.com

ਵਰਕਸੇਫ ਬੀ ਸੀ ਦੀ ਕੋਵਿਡ-19 ਸੇਫਟੀ ਪਲੈਨ ਦੀ ਟੈਮਪਲੇਟ ਨੂੰ ਅਪਡੇਟ ਕੀਤਾ ਗਿਆ ਹੈ ਅਤੇ ਇਸ ਵਿਚ ਸਿੰਪਟਮ ਮੈਨੇਜਮੈਂਟ, ਰੈਪਿਡ ਟੈਸਟਿੰਗ ਅਤੇ ਵੈਕਸੀਨੇਸ਼ਨਾਂ ਵਰਗੇ ਪੱਖਾਂ ਨੂੰ ਵਿਚਾਰਿਆ ਗਿਆ ਹੈ।

ਸਬੂਤ ਇਹ ਦਿਖਾਉਂਦਾ ਹੈ ਕਿ ਕੰਮ ਦੀ ਥਾਂ ਵਿਚ ਕੋਵਿਡ-19 ਦੇ ਫੈਲਣ ਤੋਂ ਰੋਕਥਾਮ ਕਰਨ ਲਈ ਵੈਕਸੀਨੇਸ਼ਨ, ਕੰਟਰੋਲ ਕਰਨ ਦਾ ਉਪਲਬਧ ਸਭ ਤੋਂ ਬਿਹਤਰ ਉਪਾ ਹੈ। ਵਰਕਸੇਫ ਬੀ ਸੀ, ਬੀ.ਸੀ. ਦੇ ਕੰਮ-ਮਾਲਕਾਂ ਨੂੰ ਇਹ ਸਲਾਹ ਦਿੰਦੀ ਹੈ ਕਿ ਉਹ ਆਪਣੇ ਵਲੋਂ ਚੁੱਕੇ ਢੁਕਵੇਂ ਕਦਮਾਂ ਦੇ ਆਧਾਰ `ਤੇ ਸਟਾਫ ਦੀ ਵੈਕਸੀਨੇਸ਼ਨ ਦੀਆਂ ਪੌਲਸੀਆਂ `ਤੇ ਵਿਚਾਰ ਕਰਨ।

ਕੋਵਿਡ-19 ਸੇਫਟੀ ਪਲੈਨਾਂ ਦਾ ਉਦੋਂ ਵੀ ਫਾਇਦਾ ਹੁੰਦਾ ਹੈ ਜਦੋਂ ਕੰਮ-ਮਾਲਕ ਇਨ੍ਹਾਂ ਨੂੰ ਬਣਾਉਣ ਅਤੇ ਲਾਗੂ ਕਰਨ ਵੇਲੇ ਵਰਕਰਾਂ ਨੂੰ ਸ਼ਾਮਲ ਕਰਦੇ ਹਨ।

ਜੌਹਨਸਨ ਦਾ ਕਹਿਣਾ ਹੈ, "ਅਸੀਂ ਕੰਮ-ਮਾਲਕਾਂ ਨੂੰ ਇਹ ਉਤਸ਼ਾਹ ਦਿੰਦੇ ਹਾਂ ਕਿ ਆਪਣੀ ਸੇਫਟੀ ਪਲੈਨ ਅਪਡੇਟ ਕਰਨ ਵੇਲੇ ਉਹ ਜਿੰਨਾ ਵੀ ਸੰਭਵ ਹੋ ਸਕੇ ਆਪਣੇ ਵਰਕਰਾਂ ਨੂੰ ਸ਼ਾਮਲ ਕਰਨ, ਜੋ ਕਿ ਫਿਰ ਵਰਕਰਾਂ ਵਲੋਂ ਆਪਣੀ ਕੰਮ ਦੀ ਹਰ ਥਾਂ ਵਿਚ ਲਾਗੂ ਕੀਤੀ ਜਾ ਸਕਦੀ ਹੈ।"

ਜੇ ਵਰਕਰਾਂ ਅਤੇ ਕੰਮ-ਮਾਲਕਾਂ ਦੇ ਕੋਈ ਸਵਾਲ ਹੋਣ ਜਾਂ ਜੇ ਉਨ੍ਹਾਂ ਨੂੰ ਆਪਣੇ ਕੰਮ ਦੀ ਥਾਂ `ਤੇ ਕੋਵਿਡ-19 ਫੈਲਣ ਦੇ ਖਤਰੇ ਨੂੰ ਘਟਾਉਣ ਵਿਚ ਹੋਰ ਮਦਦ ਦੀ ਲੋੜ ਹੋਵੇ ਤਾਂ ਉਹ ਕਿਸੇ ਪ੍ਰੀਵੈਨਸ਼ਨ ਅਫਸਰ ਨਾਲ ਸਿੱਧੀ ਗੱਲ ਕਰਨ ਲਈ ਵਰਕਸੇਫ ਬੀ ਸੀ ਦੀ ਪ੍ਰੀਵੈਨਸ਼ਨ ਇਨਫਰਮੇਸ਼ਨ ਲਾਈਨ ਨੂੰ 1-888-621-7233 `ਤੇ ਫੋਨ ਕਰ ਸਕਦੇ ਹਨ।

ਮਹਾਂਮਾਰੀ ਦੇ ਸ਼ੁਰੂ ਵਿਚ, ਕੰਮ-ਮਾਲਕਾਂ ਨੂੰ ਵਿਸਥਾਰ ਵਾਲੀਆਂ ਕੋਵਿਡ-19 ਸੇਫਟੀ ਪਲੈਨਾਂ ਤਿਆਰ ਅਤੇ ਲਾਗੂ ਕਰਨ ਲਈ ਕਿਹਾ ਗਿਆ ਸੀ। ਸੂਬੇ ਦੇ ਦੁਬਾਰਾ ਖੁੱਲ੍ਹਣ ਦੀ ਸ਼ੁਰੂਆਤ ਹੋਣ ਸਮੇਂ, 1 ਜੁਲਾਈ, 2021 ਨੂੰ ਉਨ੍ਹਾਂ ਪਲੈਨਾਂ ਦੀ ਥਾਂ ਛੂਤ ਦੀਆਂ ਬੀਮਾਰੀਆਂ ਤੋਂ ਰੋਕਥਾਮ `ਤੇ ਜ਼ਿਆਦਾ ਧਿਆਨ ਦਿੱਤੇ ਜਾਣ ਵਾਲੀਆਂ ਪਲੈਨਾਂ ਨੇ ਲੈ ਲਈ ਸੀ। 7 ਜਨਵਰੀ, 2022 ਨੂੰ ਪੀ ਐੱਚ ਓ ਨੇ ਕਿਹਾ ਕਿ ਕੰਮਾਂ ਦੀਆਂ ਥਾਂਵਾਂ ਨੂੰ, ਥਾਂ ਮੁਤਾਬਕ ਖਾਸ ਅਤੇ ਠੋਸ ਕੋਵਿਡ-19 ਸੇਫਟੀ ਪਲੈਨਾਂ ਦੁਬਾਰਾ ਲਾਗੂ ਕਰਨ ਦੀ ਲੋੜ ਹੈ ਤਾਂ ਜੋ ਬੀ.ਸੀ. ਨੂੰ ਇਸ ਵੇਲੇ ਔਮੀਕਰੋਨ ਵੇਰੀਐਂਟ ਤੋਂ ਵਧੇ ਖਤਰੇ ਦਾ ਟਾਕਰਾ ਕੀਤਾ ਜਾ ਸਕੇ।

-30-

**ਵਰਕਸੇਫ ਬੀ ਸੀ ਬਾਰੇ**

*ਵਰਕਸੇਫ ਬੀ ਸੀ, ਬੀ.ਸੀ. ਵਿਚ ਸੱਟਾਂ, ਬੀਮਾਰੀਆਂ ਅਤੇ ਡਿਸਏਬਿਲਟੀ ਤੋਂ ਰੋਕਥਾਮ ਕਰਨ ਲਈ ਵਰਕਰਾਂ ਅਤੇ ਕੰਮ-ਮਾਲਕਾਂ ਨਾਲ ਕੰਮ ਕਰਦੀ ਹੈ। ਕੰਮ ਨਾਲ ਸੰਬੰਧਿਤ ਸੱਟਾਂ ਲੱਗਣ ਜਾਂ ਬੀਮਾਰੀਆਂ ਹੋਣ 'ਤੇ, ਵਰਕਸੇਫ ਬੀ ਸੀ ਲੋਕਾਂ ਦੀ ਸਿਹਤਯਾਬੀ, ਰਾਜ਼ੀ ਹੋਣ, ਅਤੇ ਕੰਮ 'ਤੇ ਸੁਰੱਖਿਅਤ ਵਾਪਸੀ ਵਿਚ ਮਦਦ ਕਰਨ ਲਈ ਮੁਆਵਜ਼ਾ ਅਤੇ ਮਦਦ ਦਿੰਦੀ ਹੈ। ਬੀ.ਸੀ. ਭਰ ਵਿਚ ਅਸੀਂ ਤਕਰੀਬਨ 2.3 ਮਿਲੀਅਨ ਵਰਕਰਾਂ ਅਤੇ 255,000 ਕੰਮ-ਮਾਲਕਾਂ ਨੂੰ ਸੇਵਾਵਾਂ ਦਿੰਦੇ ਹਾਂ।*

**ਹੋਰ ਜਾਣਕਾਰੀ ਲਈ ਸੰਪਰਕ ਕਰੋ:**
ਮੀਡੀਆ ਰੀਲੇਸ਼ਨਜ਼, ਵਰਕਸੇਫ ਬੀ ਸੀ
ਈਮੇਲ: media@worksafebc.com
ਟੈਲੀਫੋਨ: 604-276-5157